27

# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

ਸੇਵਾ ਵਿਖੇ

## ਐਸ.ਏ.ਐਸ ਨਗਰ

1. ਵਧੀਕ ਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ,
ਪੰਜਾਬ ਸਿਵਲ ਸਕੱਤਰੇਤ-1,
ਚੰਡੀਗੜ੍ਹ।

PSHUD (on Tour) @ 24/5/2012 PS

2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।

CA, GMADA (O/C) 27.05.2022

ਦਫ਼ਤਰ : ਮੁੱਖ ਪ੍ਰਸ਼ਾਸਕ, ਗਮਾਡਾ
ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ
ਡਾਇਰੀ ਨੰ. 346792
ਮਿਤੀ: 30/5/22

3. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ਦਾ ਨੁਮਾਇਦਾ,
ਵਿੱਤ ਵਿਭਾਗ, ਪੰਜਾਬ ਸਿਵਲ ਸਕੱਤਰੇਤ-1,
ਚੰਡੀਗੜ੍ਹ।

31/5/22 A/CA

4. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਦਾ ਨੁਮਾਇਦਾ,
ਸਥਾਨਕ ਸਰਕਾਰ ਵਿਭਾਗ,
ਪੰਜਾਬ ਸਿਵਲ ਸਕੱਤਰੇਤ-2,
ਚੰਡੀਗੜ੍ਹ।

Ado (Co-ord)

ਦਫ਼ਤਰ ਪ੍ਰਮੁੱਖ ਸਕੱਤਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
ਡਾਇਰੀ ਨੰ. 4758
ਮਿਤੀ: 26/5/22

5. ਮੁੱਖ ਪ੍ਰਸ਼ਾਸਕ,
ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ,
ਪੁੱਡਾ ਭਵਨ, ਸੈਕਟਰ-62,
ਐਸ.ਏ.ਐਸ. ਨਗਰ।

6. ਮੁੱਖ ਨਗਰ ਯੋਜਨਾਕਾਰ, ਪੰਜਾਬ,
ਗ੍ਰਾਮ ਅਤੇ ਨਗਰ ਯੋਜਨਾਬੰਦੀ ਵਿਭਾਗ,
ਪੁੱਡਾ ਭਵਨ, ਸੈਕਟਰ-62,
ਐਸ.ਏ.ਐਸ. ਨਗਰ

ਨੰ. ਗਮਾਡਾ-ਤਾਲਮੇਲ ਸ਼ਾਖਾ-ਸ-5/2022/ 10433 ਮਿਤੀ- 24/5/2022

**ਵਿਸ਼ਾ-** ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 27ਵੀਂ ਮੀਟਿੰਗ ਦੀ ਕਾਰਵਾਈ ਜਾਰੀ ਕਰਨ ਬਾਰੇ।

ਸ਼੍ਰੀ ਮਾਨ ਜੀ,

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 27ਵੀਂ ਮੀਟਿੰਗ, ਜੋ ਕਿ ਮਿਤੀ: 13.05.2022 ਨੂੰ ਸ਼ਾਮ 03.30 ਵਜੇ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ, ਦੀ ਕਾਰਵਾਈ (Proceedings) ਦੀ ਕਾਪੀ ਆਪ ਨੂੰ ਸੂਚਨਾਂ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

ਭੁਪਿੰਦਰ ਕੌਰ

(ਭੁਪਿੰਦਰ ਕੌਰ)
ਪ੍ਰਬੰਧਕ ਅਫ਼ਸਰ (ਤਾਲਮੇਲ)

Addl. Chief Administrator
GMADA, S.A.S. Nagar
D. No. 346792 No. 30/05/2022

# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

## ਐਸ.ਏ.ਐਸ ਨਗਰ

ਨੰ. ਪੁੱਡਾ-ਤਾਲਮੇਲ ਸ਼ਾਖਾ-ਸ-5/2022/ ਮਿਤੀ-

ਉਪਰੋਕਤ ਦਾ ਉਤਾਰਾ ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

(ਭੁਪਿੰਦਰ ਕੌਰ)
ਪ੍ਰਬੰਧਕ ਅਫ਼ਸਰ (ਤਾਲਮੇਲ)

ਨੰ. ਪੁੱਡਾ-ਤਾਲਮੇਲ ਸ਼ਾਖਾ-ਸ-5/2022/ ਮਿਤੀ-

ਪੱਤਰ ਦਾ ਉਤਾਰਾ ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ. ਨਗਰ ਜੀ ਦੀ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

(ਭੁਪਿੰਦਰ ਕੌਰ)
ਪ੍ਰਬੰਧਕ ਅਫ਼ਸਰ (ਤਾਲਮੇਲ)

ਨੰ. ਪੁੱਡਾ-ਤਾਲਮੇਲ ਸ਼ਾਖਾ-ਸ-5/2022/ ਮਿਤੀ-

ਪੱਤਰ ਦਾ ਉਤਾਰਾ ਜੀ.ਐਮ. (ਆਈ.ਟੀ. ਐਂਡ ਸੀ), ਪੁੱਡਾ, ਐਸ.ਏ.ਐਸ.ਨਗਰ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮੀਟਿੰਗ ਦੀ ਕਾਰਵਾਈ ਅਤੇ ਅਜੰਡਾ ਗਮਾਡਾ ਦੀ ਵੈਬਸਾਈਟ ਤੇ ਅਪਲੋਡ ਕੀਤਾ ਜਾਵੇ ਜੀ।

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

(ਭੁਪਿੰਦਰ ਕੌਰ)
ਪ੍ਰਬੰਧਕ ਅਫ਼ਸਰ (ਤਾਲਮੇਲ)

ਨੰ. ਪੁੱਡਾ-ਤਾਲਮੇਲ ਸ਼ਾਖਾ-ਸ-5/2022/ ਮਿਤੀ-

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਹੇਠ ਲਿਖੇ ਦਫਤਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਦਫਤਰ ਨਾਲ ਸਬਧੰਤ ਮੱਦ ਬਾਰੇ ਹੋਏ ਫੈਸਲੇ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਉਪਰੰਤ ਕੀਤੀ ਕਾਰਵਾਈ ਰਿਪੋਰਟ ਇਸ ਦਫਤਰ ਨੂੰ ਭਿਜਵਾਈ ਜਾਵੇ ਤਾਂ ਜੋ ਫੋਲੋ-ਅੱਪ ਸਬੰਧੀ ਕਾਰਵਾਈ ਕੀਤੀ ਜਾ ਸਕੇ ਜੀ:-

1. ਭੌਂ ਪ੍ਰਾਪਤੀ ਕੂਲੈਕਟਰ, ਗਮਾਡਾ, ਐਸ.ਏ.ਐਸ. ਨਗਰ
2. ਮਿਲਖ ਦਫ਼ਤਰ (ਹ), ਗਮਾਡਾ, ਐਸ. ਏ. ਐਸ. ਨਗਰ

ਨੱਥੀ: ਮੀਟਿੰਗ ਦੀ ਕਾਰਵਾਈ ਦੀ ਕਾਪੀ

(ਭੁਪਿੰਦਰ ਕੌਰ)
ਪ੍ਰਬੰਧਕ ਅਫ਼ਸਰ (ਤਾਲਮੇਲ)

**ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 13.05.2022 ਨੂੰ ਬਾਅਦ ਦੁਪਹਿਰ 03.30 ਵਜੇ ਹੋਈ ਗਮਾਡਾ ਦੀ 27ਵੀਂ ਕਾਰਜਕਾਰੀ ਕਮੇਟੀ ਦੀ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ | ਅਧਿਕਾਰੀ ਦਾ ਨਾਮ ਅਤੇ ਅਹੁਦਾ<br>ਸਰਵ ਸ਼੍ਰੀ | ਅਹੁੱਦਾ |
|---|---|---|
| 1. | ਏ. ਵੇਨੂੰ ਪ੍ਰਸਾਦ, ਆਈ.ਏ.ਐਸ.<br>ਵਧੀਕ ਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਸਰਕਾਰ,<br>ਚੰਡੀਗੜ੍ਹ। | ਮੈਂਬਰ |
| 2. | ਅਜੋਏ ਕੁਮਾਰ ਸਿਨਹਾ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,<br>ਪੰਜਾਬ, ਚੰਡੀਗੜ੍ਹ। | ਮੈਂਬਰ |
| 3. | ਮੋਹਿਤ ਤਿਵਾੜੀ, ਆਈ.ਆਰ.ਐਸ.<br>ਵਿਸ਼ੇਸ ਸਕੱਤਰ, ਵਿੱਤ ਵਿਭਾਗ,<br>ਪੰਜਾਬ ਸਰਕਾਰ, ਚੰਡੀਗੜ੍ਹ।<br>(ਵਧੀਕ ਮੁੱਖ ਸਕੱਤਰ, ਵਿੱਤ ਦੇ ਨੁਮਾਇੰਦੇ ਵੱਜੋਂ) | ਮੈਂਬਰ |
| 4. | ਅਭਿਜੀਤ ਕਪਲਿਸ਼, ਆਈ.ਏ.ਐਸ.<br>ਵਧੀਕ ਸਕੱਤਰ,<br>ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।<br>(ਪ੍ਰਮੁੱਖ ਸਕੱਤਰ, ਸ਼ਥਾਨਕ ਸਰਕਾਰ ਦੇ ਨੁਮਾਇੰਦੇ ਵੱਜੋਂ) | ਮੈਂਬਰ |
| 5. | ਅਮਨਦੀਪ ਬਾਂਸਲ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ.ਨਗਰ। | ਮੈਂਬਰ |
| 6. | ਪੰਕਜ ਬਾਵਾ, ਮੁੱਖ ਨਗਰ ਯੋਜਨਾਕਾਰ,<br>ਗਰਾਮ ਅਤੇ ਨਗਰ ਯੋਜਨਾਬੰਦੀ ਵਿਭਾਗ, ਪੰਜਾਬ। | ਮੈਂਬਰ |

ਮੀਟਿੰਗ ਵਿੱਚ ਲੜੀਵਾਰ ਅਜੰਡਾ ਆਈਟਮਾਂ ਤੇ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-

**ਅਜੰਡਾ ਆਈਟਮ ਨੰ: 27.01**

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 06.04.2022 ਨੂੰ ਹੋਈ 26ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਕਮੇਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ ।

**ਅਜੰਡਾ ਆਈਟਮ ਨੰ: 27.02**

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 06.04.2022 ਨੂੰ ਹੋਈ 26ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ਸਬੰਧੀ ਮੱਦਵਾਰ ਵਿਵਰਣ।**

ਕਮੇਟੀ ਵਲੋਂ ਕੀਤੀ ਗਈ ਕਾਰਵਾਈ ਨੋਟ ਕੀਤੀ ਗਈ ਅਤੇ ਤਸੱਲੀ ਪ੍ਰਗਟਾਈ ਗਈ।

**ਅਜੰਡਾ ਆਈਟਮ ਨੰ: 27.03**

**Transferring sites for Street Vendors to Municipal Corporation, S.A.S. Nagar.**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕਰਦੇ ਹੋਏ, ਇਹ ਮਾਮਲਾ ਗਮਾਡਾ ਅਥਾਰਟੀ ਦੀ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਪੇਸ਼ ਕਰਨ ਦਾ ਫੈਸਲਾ ਕੀਤਾ ਗਿਆ ।

ਅਜੰਡਾ ਆਈਟਮ ਨੰ: 27.04

**Acquisition and Development of Eco -City-3, Eco-City 3B located on the East of Kurali –Baddi Road and Low/High Density Residential Scheme located North of Medicity by GMADA in New Chandigarh.**

ਅਜੰਡੇ ਬਾਰੇ ਮੁੱਖ ਪ੍ਰਸ਼ਾਸ਼ਕ, ਗਮਾਡਾ ਵੱਲੋਂ ਇਕੋਸਿਟੀ-3 ਦਾ ਵਿਸਥਾਰ ਵਿੱਚ ਰਿਪੋਰਟ ਪੇਸ਼ ਕਰਦੇ ਹੋਏ ਦੱਸਿਆ ਗਿਆ ਕਿ ਇਸ ਸਕੀਮ ਦੀ ਭੌਂ ਪ੍ਰਾਪਤੀ ਸਾਲ 2016 ਵਿੱਚ ਆਰੰਭੀ ਗਈ ਸੀ ਅਤੇ ਭੌਂ ਪ੍ਰਾਪਤੀ ਐਕਟ, 2013 ਦੀਆਂ ਸਾਰੀਆਂ ਧਾਰਾਵਾਂ ਮੁਕੰਮਲ ਹੋਣ ਉਪਰੰਤ ਅਵਾਰਡ ਸੁਨਾਉਣ ਦੀ ਤਿਆਰੀ ਸੀ, ਪਰ ਕੋਵਿਡ-19 ਦੇ ਕਾਰਨ ਅਵਾਰਡ ਨਹੀਂ ਸੁਣਾਇਆ ਗਿਆ ਅਤੇ ਇਹ ਨੋਟੀਫਿਕੇਸ਼ਨ ਐਕਟ ਤਹਿਤ ਲੈਪਸ ਹੋ ਗਈ ਸੀ। ਇਸ ਸਕੀਮ ਬਾਰੇ ਉਹਨਾਂ ਵੱਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਇਸ ਭੌਂ ਨੂੰ ਪ੍ਰਾਪਤ ਕਰਨ ਲਈ ਉਸ ਸਮੇਂ ਲਗਭਗ 180 ਏਕੜ ਭੌਂ ਦੀ ਲੈਂਡ ਪੂਲਿੰਗ ਲੈਣ ਲਈ ਭੌਂ ਮਾਲਕ ਚਾਹਵਾਨ ਸਨ।

ਮੁੱਖ ਪ੍ਰਸ਼ਾਸਕ, ਗਮਾਡਾ ਵੱਲੋਂ ਇਹ ਵੀ ਦੱਸਿਆ ਗਿਆ ਕਿ ਗਮਾਡਾ ਵੱਲੋਂ ਜੋ ਇਕੋਸਿਟੀ-2 ਵਿਕਸਤ ਕੀਤੀ ਗਈ ਹੈ, ਉਸ ਵਿੱਚ ਪਲਾਟਾਂ ਦੀ ਮੰਗ ਵਧਦੀ ਜਾ ਰਹੀ ਹੈ, ਜਿਸ ਲਈ ਗਮਾਡਾ ਨੂੰ ਹੋਰ ਲੈਂਡ ਬੈਂਕ ਕਰੀਏਟ ਕਰਨ ਦੀ ਜਰੂਰਤ ਹੈ ਤਾਂ ਜੋ ਲੋਕਾਂ ਲਈ ਵਾਜਿਬ ਮੁੱਲ ਤੇ ਪਲਾਟ ਮੁਹੱਈਆ ਕਰਵਾਏ ਜਾ ਸਕਣ। ਇਸ ਲਈ ਇਕੋਸਿਟੀ-3 ਅਤੇ ਇਕੋਸਿਟੀ-3 ਬੀ ਲਈ ਮੁੜ ਭੌਂ ਪ੍ਰਾਪਤ ਕਰਨ ਦੀ ਤਜਵੀਜ ਕੀਤੀ ਗਈ ਹੈ। ਇਸ ਲਈ ਇਕੋਸਿਟੀ-3 ਅਤੇ ਇਕੋਸਿਟੀ-3 ਬੀ ਦੇ ਮੁਕੰਮਲ ਤਜਵੀਜਤ ਰਕਬੇ ਨੂੰ ਇਸ ਏਰੀਏ ਦੇ Integrated Planned ਵਿਕਾਸ ਲਈ ਪ੍ਰਾਪਤ ਕਰਨਾ ਯੋਗ ਹੋਵੇਗਾ। ਮੀਟਿੰਗ ਵਿੱਚ ਦੱਸਿਆ ਗਿਆ ਕਿ ਗਮਾਡਾ ਵਿੱਚ ਪ੍ਰਚੱਲਤ ਲੈਂਡ ਪੂਲਿੰਗ ਕਾਫੀ ਸਫਲ ਹੈ ਜਿਸ

ਕਰਕੇ ਹੁਣ ਇਸ ਰਕਬੇ ਵਿੱਚ ਹੋਰ ਵੀ ਵੱਧ ਲੈਂਡ ਪੂਲਿੰਗ ਆਉਣ ਦੀ ਉਮੀਦ ਹੈ। ਇਹ ਵੀ ਦੱਸਿਆ ਗਿਆ ਕਿ ਉਕਤ ਸਾਈਟ ਵਿਕਸਤ ਕੀਤੇ ਸੈਕਟਰ ਦੇ ਨਾਲ ਲਗਦੀ ਹੈ ਅਤੇ ਗਮਾਡਾ ਵੱਲੋਂ ਪੀ.ਆਰ-4 ਸੜਕ ਦੀ ਉਸਾਰੀ ਵੀ ਕੀਤੀ ਜਾ ਚੁੱਕੀ ਹੈ, ਜਿਸ ਨਾਲ ਇਹ ਰਕਬਾ ਗਮਾਡਾ ਵੱਲੋਂ ਪ੍ਰਾਪਤ ਕਰਨਾ ਕਾਫੀ ਫਾਇਦੇਮੰਦ ਰਹੇਗਾ।

ਇਸ ਉਪਰੰਤ ਮੁੱਖ ਪ੍ਰਸ਼ਾਸ਼ਕ, ਗਮਾਡਾ ਵੱਲੋਂ ਕਾਰਜਕਾਰੀ ਕਮੇਟੀ ਨੂੰ ਮੈਡੀਸਿਟੀ ਦੇ ਉੱਤਰ ਵਿੱਚ ਪੈਂਦੀ low density ਦੀ ਭੌਂ ਸਬੰਧੀ ਦੱਸਿਆ ਗਿਆ ਕਿ ਇਸ ਸਕੀਮ ਦੀ ਭੌਂ ਪ੍ਰਾਪਤੀ ਐਕਟ ਦੀ ਧਾਰਾ-11 ਦੀ ਨੋਟੀਫਿਕੇਸ਼ਨ ਜਾਰੀ ਹੋਈ ਸੀ। ਉਸ ਸਮੇਂ ਇਸ ਭੌਂ ਵਿਰੁੱਧ ਲੈਂਡ ਪੂਲਿੰਗ ਦੇਣ ਲਈ ਵੱਡੇ ਪਲਾਟ ਦਿੱਤੇ ਜਾਣੇ ਸਨ। ਕੁੱਝ ਭੌਂ ਮਾਲਕਾਂ ਦੇ ਰਕਬੇ ਦੀ ਮਾਲਕੀ ਛੋਟੀ ਹੋਣ ਕਾਰਨ ਲੈਂਡ ਪੂਲਿੰਗ ਨੂੰ ਲਾਗੂ ਕਰਨ ਵਿੱਚ ਮੁਸ਼ਕਲ ਪੇਸ਼ ਆ ਸਕਦੀ ਸੀ ਅਤੇ ਇਸ ਸਕੀਮ ਦੀ viability ਨਾ ਹੋਣ ਕਾਰਨ ਡਰਾਪ ਕਰ ਦਿੱਤੀ ਗਈ ਸੀ। ਕਿਉਂ ਜੋ ਇਸ ਸਮੇਂ ਵੱਡੇ ਸਾਈਜ਼ ਦੇ ਪਲਾਟਾਂ ਦੀ ਮੰਗ ਵੱਧ ਰਹੀ ਹੈ ਜਿਸ ਕਰਕੇ ਇਸ ਸਕੀਮ ਬਾਰੇ ਮੁੜ ਵਿਚਾਰ ਕਰਨ ਤੇ high density ਜ਼ੋਨ ਦਾ ਰਕਬਾ, ਜੋ ਕਿ low density ਦੇ ਨਾਲ ਲੱਗਦਾ ਹੈ, ਵੀ ਸ਼ਾਮਿਲ ਕਰ ਲਿਆ ਗਿਆ ਹੈ ਜਿਸ ਨਾਲ ਕੁੱਲ ਰਕਬਾ ਲਗਭਗ 317 ਏਕੜ ਬਣ ਜਾਵੇਗਾ। ਇਸ ਤੋਂ ਇਲਾਵਾ low density ਦੇ ਰਕਬੇ ਦੇ ਛੋਟੇ ਭੌਂ ਮਾਲਕਾਂ, ਜਿਨ੍ਹਾਂ ਨੂੰ low density ਦੇ ਰਕਬੇ ਵਿੱਚ ਐਡਜਸਟ ਨਹੀਂ ਕੀਤਾ ਜਾ ਸਕਦਾ, ਨੂੰ high density ਦੇ ਰਕਬੇ ਵਿੱਚ ਉਹਨਾਂ ਦੇ ਹਿੱਸੇ ਮੁਤਾਬਕ ਪਾਲਿਸੀ ਅਨੁਸਾਰ ਬਣਦੀ ਲੈਂਡ ਪੂਲਿੰਗ ਦੇ ਦਿੱਤੀ ਜਾਵੇਗੀ। ਇਸ ਲਈ ਲੈਂਡ ਪੂਲਿੰਗ ਰਾਹੀਂ ਇਸ **Low/High Density** ਰਕਬੇ ਨੂੰ acquire ਕੀਤਾ ਜਾਣਾ ਗਮਾਡਾ ਲਈ viable ਅਤੇ ਲਾਭਕਾਰੀ ਹੋਵੇਗਾ।

recommend

ਵਿਚਾਰ-ਵਟਾਂਦਰੇ ਉਪਰੰਤ ਕਾਰਜਕਾਰੀ ਕਮੇਟੀ ਵੱਲੋਂ ਤਜਵੀਜ ਹੇਠ ਲਿਖੇ ਅਨੁਸਾਰ ~~ਪ੍ਰਵਾਨ~~ ਕਰਦੇ ਹੋਏ, ਇਹ ਮਾਮਲਾ ਗਮਾਡਾ ਅਥਾਰਿਟੀ ਦੀ ਅਗਲੀ ਹੋਣ ਵਾਲੀ ਮੀਟਿੰਗ ਵਿਚ ਪੇਸ਼ ਕਰਨ ਦਾ ਫੈਸਲਾ ਕੀਤਾ ਗਿਆ :-

1. ਨਿਊ ਚੰਡੀਗੜ੍ਹ ਦੇ ਮਾਸਟਰ ਪਲੈਨ ਅਨੁਸਾਰ ਇਕੋਸਿਟੀ ਫੇਜ਼-3 ਅਤੇ ਇਕੋਸਿਟੀ ਫੇਜ਼ 3-ਬੀ ਦਾ ਕੁੱਲ ਰਕਬਾ 720 ਏਕੜ ਰਕਬੇ ਦੀ ਭੌਂ ਪ੍ਰਾਪਤੀ।
2. ਨਿਊ ਚੰਡੀਗੜ੍ਹ ਦੇ ਮਾਸਟਰ ਪਲੈਨ ਅਨੁਸਾਰ low/high density ਦਾ ਕੁੱਲ ਰਕਬਾ 317 ਏਕੜ ਦੀ ਭੌਂ ਪ੍ਰਾਪਤੀ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

ਮੁੱਖ ਸਕੱਤਰ